


**Insurance Plans With Savings**

**SBI Life - Smart Bachat**
UIN:111N108V03

ਜੀਵਨ ਅਜਿਹੇ ਯਾਦਗਾਰ ਪਲਾਂ ਨੂੰ ਪਹਿਲਾਂ ਹੀ ਵੇਖਣ ਦਾ ਨਾਂ ਹੀ ਤਾਂ ਹੈ, ਜੋ ਵਿਭਿੰਨ ਅਹਿਮ ਘਟਨਾਵਾਂ ਨਾਲ ਭਰੇ ਹੁੰਦੇ ਹਨ। ਐਸਬੀਆਈ ਲਾਈਫ਼ – ਸਮਾਰਟ ਬੱਚਤ ਦੇ ਨਾਲ, ਤੁਸੀਂ ਜੀਵਨ ਦੇ ਹਰ ਪੜਾ ਲਈ ਆਪਣੀਆਂ ਆਰਥਿਕ ਲੋੜਾਂ ਲਈ ਬੱਚਤ ਜਮ੍ਹਾ ਕਰ ਸਕਦੇ ਹੋ, ਤਾਂ ਜੋ ਤੁਹਾਨੂੰ ਮਿਲ ਸਕੇ ਮਨਚਾਹਿਆ ਕੱਲ੍ਹ, ਅਤੇ ਨਾਲ ਹੀ ਤੁਹਾਡੇ ਪਰਿਵਾਰ ਦੀ ਸੁਰੱਖਿਆ।

## ਮੁੱਖ ਫ਼ਾਇਦੇ

- ਸੀਮਤ ਪ੍ਰੀਮੀਅਮ ਭਰਨ ਦੇ ਵਿਕਲਪਾਂ ਦੇ ਨਾਲ ਆਪਣੇ ਆਰਥਿਕ ਟੀਚਿਆਂ ਲਈ ਬਚਤ ਕਰੋ
- ਜੀਵਨ ਬੀਮਾ ਸੁਰੱਖਿਆ ਇਨ-ਬਿਲਟ ਐਕਸੀਡੈਂਟ ਬੈਨੀਫ਼ਿਟ# ਦੇ ਵਿਕਲਪ ਦੇ ਨਾਲ
- ਪ੍ਰੀਮੀਅਮ ਮਾਫ਼ੀ+ ਇਕ ਵਾਧੂ ਸੁਰੱਖਿਆ ਉਪਾ ਦੇ ਰੂਪ ਵਿੱਚ ਮੁਹਈਆ

**Toll-free No.:** 1800 267 9090
(Between 9.00 am & 9.00 pm)

SMS '**LIBERATE**' to 56161
**Email:** info@sbilife.co.in

SBI Life
ਆਪਣੇ ਲਈ। ਆਪਣਿਆਂ ਦੇ ਲਈ।

#ਵਿਕਲਪ A : ਐਂਡਾਉਮੈਂਟ ਵਿਕਲਪ ਅਤੇ ਵਿਕਲਪ B : ਦੁਰਘਟਨਾ ਵਿੱਚ ਮੌਤ ਅਤੇ ਸੰਪੂਰਣ ਸਥਾਈ ਅਪਾਹਜਪੁਣਾ (ਏਡੀ ਐਂਡ ਟੀਪੀਡੀ) ਲਾਭ ਇਨ-ਬਿਲਟ ਹੋਣ ਦੇ ਨਾਲ ਐਂਡਾਉਮੈਂਟ ਵਿਕਲਪ
+ਦੁਰਘਟਨਾ ਕਾਰਨ ਸੰਪੂਰਣ ਅਤੇ ਸਥਾਈ ਅਪਾਹਜਪੁਣੇ ਦੇ ਮਾਮਲੇ ਵਿੱਚ ਕੇਵਲ ਵਿਕਲਪ B ਦੇ ਅਧੀਨ ਮੁਹਈਆ

## ਕਿਉਂ ਐਸਬੀਆਈ ਲਾਈਫ਼ – ਸਮਾਰਟ ਬੱਚਤ?

ਐਸਬੀਆਈ ਲਾਈਫ਼ – ਸਮਾਰਟ ਬੱਚਤ ਇਕ ਵਿਅਕਤੀਗਤ, ਨੌਨ-ਲਿੰਕਡ, ਪਾਰਟੀਸਿਪੇਟਿੰਗ, ਲਾਈਫ਼ ਇੰਸ਼ੋਰੈਂਸ ਸੇਵਿੰਗਜ਼ ਪ੍ਰੋਡਕਟ ਹੈ।

**ਮੁੱਖ ਖੂਬੀਆਂ**

- ਆਪਣੀਆਂ ਬੀਮੇ ਦੀਆਂ ਜ਼ਰੂਰਤਾਂ ਅਨੁਸਾਰ ਦੋ ਵਿਕਲਪਾਂ ਵਿੱਚੋਂ ਚੁਣਨ ਦੀ ਸਹੂਲਤ
  - **ਵਿਕਲਪ A :** ਐਂਡਾਉਮੈਂਟ ਵਿਕਲਪ
  - **ਵਿਕਲਪ B :** ਇਨ-ਬਿਲਟ ਏਡੀ ਐਂਡ ਟੀਪੀਡੀ ਲਾਭ ਦੇ ਨਾਲ ਐਂਡਾਉਮੈਂਟ ਵਿਕਲਪ
- ਚੁਣਨ ਦੀ ਸਹੂਲਤ
  - 6, 7, 10 ਅਤੇ 15 ਸਾਲ ਦੀ ਪ੍ਰੀਮੀਅਮ ਭਰਨ ਦੀ ਮਿਆਦ
  - ਤੁਹਾਡੇ ਆਰਥਿਕ ਟੀਚਿਆਂ ਅਨੁਸਾਰ ਪਾਲਸੀ ਦੀ ਮਿਆਦ 12 ਤੋਂ 25 ਸਾਲ
- ਦੁਰਘਟਨਾ ਪੂਰਨ ਅਤੇ ਸਥਾਈ ਅਪਾਹਜ ਹੋਣ ਦੇ ਮਾਮਲੇ ਵਿੱਚ **ਪ੍ਰੀਮੀਅਮ ਦੀ ਛੂਟ** (ਕੇਵਲ ਵਿਕਲਪ B ਅਧੀਨ)
- **ਪਾਲਸੀ ਦੀ ਪੂਰੀ ਮਿਆਦ ਦੌਰਾਨ ਜੀਵਨ ਬੀਮਾ ਸੁਰੱਖਿਆ** ਮਤਲਬ ਪ੍ਰੀਮੀਅਮ ਭਰਨ ਦੀ ਮਿਆਦ ਖ਼ਤਮ ਹੋਣ ਤੋਂ ਬਾਅਦ ਵੀ
- ਬੀਮੇ ਦੀ ਵੱਡੀ ਰਕਮ ਉੱਤੇ **ਛੂਟ**
- ਆਮਦਨੀ ਕਰ ਕਾਨੂੰਨ, 1961 ਅਧੀਨ ਮੌਜੂਦਾ ਮਾਪਦੰਡਾਂ ਅਨੁਸਾਰ **ਕਰ ਲਾਭ****

**ਕਰ ਲਾਭ, ਇਨਕਮ ਟੈਕਸ ਕਾਨੂੰਨਾਂ ਦੀਆਂ ਧਾਰਾਵਾਂ ਦੇ ਅਨੁਸਾਰ ਹਨ ਅਤੇ ਸਮੇਂ-ਸਮੇਂ ਅਨੁਸਾਰ ਬਦਲ ਸਕਦੇ ਹਨ। ਹੋਰ ਜਾਣਕਾਰੀ ਲਈ ਕਿਰਪਾ ਕਰਕੇ ਆਪਣੇ ਕਰ ਸਲਾਹਕਾਰ ਨਾਲ ਸਲਾਹ-ਮਸ਼ਵਰਾ ਕਰ ਲਓ।


## ਨਮੂਨੇ ਲਈ ਉਦਾਹਰਣ

| ਸ਼੍ਰੀ ਵਿਜੈ ਨੇ ਚੁਣੀ ਹੈ ਐਸਬੀਆਈ ਲਾਈਫ਼ – ਸਮਾਰਟ ਬੱਚਤ (ਵਿਕਲਪ A)। ਵੇਰਵੇ ਹੇਠਾਂ ਲਿਖੇ ਅਨੁਸਾਰ ਹਨ : | | | |
|---|---|---|---|
| **ਬੀਮੇ ਵਾਲੇ ਵਿਅਕਤੀ ਦੀ ਉਮਰ :** 35 ਸਾਲ | **ਪ੍ਰੀਮੀਅਮ ਦਾ ਵਕਫ਼ਾ :** ਸਾਲਾਨਾ | **ਪਾਲਸੀ ਦੀ ਮਿਆਦ :** 12 ਸਾਲ | **ਪ੍ਰੀਮੀਅਮ ਅਦਾਇਗੀ ਦਾ ਸਮਾਂ :** 6 ਸਾਲ |
| **ਮੂਲ ਬੀਮੇ ਦੀ ਰਕਮ :** ₹1,00,000 | **ਸਾਲਾਨਾ ਪ੍ਰੀਮੀਅਮ :** ₹15,382 ਪ੍ਰਤੀ ਸਾਲ (ਲਾਗੂ ਟੈਕਸਾਂ ਨੂੰ ਛੱਡ ਕੇ) | | |

### ਵਿਕਲਪ A : ਐਂਡਾਉਮੈਂਟ ਵਿਕਲਪ

**ਮੌਤ ਤੋਂ ਬਾਅਦ ਲਾਭ :**

5ਵੇਂ ਪਾਲਸੀ ਸਾਲ ਦੇ ਅੰਤ ਤੇ ਬਦਕਿਸਮਤੀ ਨਾਲ ਵਿਜੈ ਦੀ ਮੌਤ ਹੋਣ ਦੇ ਮਾਮਲੇ ਵਿੱਚ, ਨਾਮਜ਼ਦ ਵਿਅਕਤੀ ਜਾਂ ਲਾਭ-ਪਾਤਰ ਨੂੰ ਮੌਤ ਤੋਂ ਬਾਅਦ ਦੇ ਲਾਭ ਉਦਾਹਰਣ ਵਿੱਚ ਦੱਸੇ ਅਨੁਸਾਰ ਮਿਲਣਗੇ।




**12 ਸਾਲਾਂ ਦੀ ਪਾਲਸੀ ਦੀ ਪੂਰੀ ਮਿਆਦ ਦੌਰਾਨ ਜੀਵਨ ਬੀਮਾ ਸੁਰੱਖਿਆ**

**ਮਿਆਦ ਪੂਰੀ ਹੋਣ ਤੇ ਲਾਭ :**

ਜੇ ਵਿਜੈ ਪਾਲਸੀ ਦੀ ਮਿਆਦ ਦੇ ਅੰਤ ਤਕ ਜਿਉਂਦਾ ਰਹਿੰਦਾ ਹੈ ਤਾਂ ਉਸ ਨੂੰ ਹੇਠਾਂ ਦਿੱਤੀ ਉਦਾਹਰਣ ਵਿੱਚ ਦੱਸੇ ਅਨੁਸਾਰ ਮਿਆਦ ਪੂਰੀ ਹੋਣ ਤੇ ਲਾਭ ਮਿਲਣਗੇ।




^^ਅੰਕੜੇ ਉਦਾਹਰਣ ਲਈ ਅਤੇ ਇੱਕ ਸਿਹਤਮੰਦ ਬੀਮੇ ਵਾਲੇ ਵਿਅਕਤੀ ਲਈ ਹਨ। ਕਿਰਪਾ ਕਰਕੇ ਨੋਟ ਕਰੋ ਕਿ ਉੱਪਰ ਦਿੱਤੀਆਂ @4% ਅਤੇ @8% ਸਾਲਾਨਾ ਦੀਆਂ ਕ੍ਰਮਵਾਰ ਫਰਜ਼ ਕੀਤੀਆਂ ਮੁਨਾਫ਼ੇ ਦੀਆਂ ਦਰਾਂ, ਲਾਗੂ ਸਾਰੇ ਖ਼ਰਚਿਆਂ ਤੇ ਵਿਚਾਰ ਕਰਨ ਤੋਂ ਬਾਅਦ ਇਹਨਾਂ ਦਰਾਂ ਤੇ ਕੇਵਲ ਉਦਾਹਰਣ ਲਈ ਹਨ। ਬੋਨਸ ਜਮ੍ਹਾ ਹੋਣ ਦੇ ਸਮੇਂ ਦੌਰਾਨ ਬੋਨਸ ਦੀਆਂ ਦਰਾਂ ਸਥਿਰ ਮੰਨੀਆਂ ਗਈਆਂ ਹਨ, ਜਦੋਂ ਕਿ ਅਸਲੀ ਬੋਨਸ ਵੱਖਰਾ ਹੋ ਸਕਦਾ ਹੈ, ਜੋ ਕੰਪਨੀ ਦੇ ਨਿਵੇਸ਼ ਦੇ ਤਜਰਬੇ ਉੱਤੇ ਨਿਰਭਰ ਕਰਦਾ ਹੈ। ਇਹ ਗਾਰੰਟੀਸ਼ੁਦਾ ਨਹੀਂ ਹਨ ਅਤੇ ਇਹ ਮੁਨਾਫ਼ਿਆਂ ਦੀਆਂ ਉੱਪਰਲੀਆਂ ਜਾਂ ਹੇਠਲੀਆਂ ਸੀਮਾਵਾਂ ਨਹੀਂ ਹਨ। ਮੁਨਾਫ਼ੇ, ਭਵਿੱਖ ਵਿੱਚ ਨਿਵੇਸ਼ ਦੀ ਕਾਰਗੁਜ਼ਾਰੀ ਸਮੇਤ, ਕਈ ਕਾਰਨਾਂ ਉੱਤੇ ਨਿਰਭਰ ਕਰਦੇ ਹਨ। ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਖ਼ਾਸ ਆਪਣੀ ਪਾਲਸੀ ਦੇ ਫ਼ਾਇਦਿਆਂ ਦੀਆਂ ਉਦਾਹਰਣਾਂ ਲਈ ਬੇਨਤੀ ਕਰੋ।


## ਉਦਾਹਰਣ

**ਸ਼੍ਰੀ ਵਿਜੈ ਨੇ ਚੁਣੀ ਹੈ ਐਸਬੀਆਈ ਲਾਈਫ਼ – ਸਮਾਰਟ ਬੱਚਤ (ਵਿਕਲਪ B)। ਵੇਰਵੇ ਹੇਠਾਂ ਲਿਖੇ ਅਨੁਸਾਰ ਹਨ :**

| | | | |
|---|---|---|---|
| **ਬੀਮੇ ਵਾਲੇ ਵਿਅਕਤੀ ਦੀ ਉਮਰ :** 35 ਸਾਲ | **ਪ੍ਰੀਮੀਅਮ ਦਾ ਵਕਫ਼ਾ :** ਸਾਲਾਨਾ | **ਪਾਲਸੀ ਦੀ ਮਿਆਦ :** 12 ਸਾਲ | **ਪ੍ਰੀਮੀਅਮ ਅਦਾਇਗੀ ਦਾ ਸਮਾਂ :** 6 ਸਾਲ |
| **ਮੂਲ ਬੀਮੇ ਦੀ ਰਕਮ :** ₹1,00,000 | **ਸਾਲਾਨਾ ਪ੍ਰੀਮੀਅਮ :** ₹15,510 ਪ੍ਰਤੀ ਸਾਲ (ਲਾਗੂ ਟੈਕਸਾਂ ਨੂੰ ਛੱਡ ਕੇ) | | |


**ਮੌਤ ਤੋਂ ਬਾਅਦ ਲਾਭ :**

8ਵੇਂ ਪਾਲਸੀ ਸਾਲ ਦੇ ਅੰਤ ਤੇ ਬਦਕਿਸਮਤੀ ਨਾਲ ਵਿਜੈ ਦੀ ਮੌਤ ਹੋਣ ਦੇ ਮਾਮਲੇ ਵਿੱਚ, ਨਾਮਜ਼ਦ ਵਿਅਕਤੀ ਜਾਂ ਲਾਭ-ਪਾਤਰ ਨੂੰ ਮੌਤ ਤੋਂ ਬਾਅਦ ਦੇ ਲਾਭ ਉਦਾਹਰਣ ਵਿੱਚ ਦੱਸੇ ਅਨੁਸਾਰ ਮਿਲਣਗੇ।




**ਮਿਆਦ ਪੂਰੀ ਹੋਣ ਤੇ ਲਾਭ :**

ਜੇ ਵਿਜੈ ਪਾਲਸੀ ਦੀ ਮਿਆਦ ਦੇ ਅੰਤ ਤਕ ਜਿਉਂਦਾ ਰਹਿੰਦਾ ਹੈ ਤਾਂ ਉਸ ਨੂੰ ਹੇਠਾਂ ਦਿੱਤੀ ਉਦਾਹਰਣ ਵਿੱਚ ਦੱਸੇ ਅਨੁਸਾਰ ਮਿਆਦ ਪੂਰੀ ਹੋਣ ਤੇ ਲਾਭ ਮਿਲਣਗੇ।




^^ਅੰਕੜੇ ਉਦਾਹਰਣ ਲਈ ਅਤੇ ਇੱਕ ਸਿਹਤਮੰਦ ਬੀਮੇ ਵਾਲੇ ਵਿਅਕਤੀ ਲਈ ਹਨ। ਕਿਰਪਾ ਕਰਕੇ ਨੋਟ ਕਰੋ ਕਿ ਉੱਪਰ ਦਿੱਤੀਆਂ @4% ਅਤੇ @8% ਸਾਲਾਨਾ ਦੀਆਂ ਕ੍ਰਮਵਾਰ ਫਰਜ਼ ਕੀਤੀਆਂ ਮੁਨਾਫ਼ੇ ਦੀਆਂ ਦਰਾਂ, ਲਾਗੂ ਸਾਰੇ ਖ਼ਰਚਿਆਂ ਤੇ ਵਿਚਾਰ ਕਰਨ ਤੋਂ ਬਾਅਦ ਇਹਨਾਂ ਦਰਾਂ ਤੇ ਕੇਵਲ ਉਦਾਹਰਣ ਲਈ ਹਨ। ਬੋਨਸ ਜਮ੍ਹਾ ਹੋਣ ਦੇ ਸਮੇਂ ਦੌਰਾਨ ਬੋਨਸ ਦੀਆਂ ਦਰਾਂ ਸਥਿਰ ਮੰਨੀਆਂ ਗਈਆਂ ਹਨ, ਜਦੋਂ ਕਿ ਅਸਲੀ ਬੋਨਸ ਵੱਖਰਾ ਹੋ ਸਕਦਾ ਹੈ, ਜੋ ਕੰਪਨੀ ਦੇ ਨਿਵੇਸ਼ ਦੇ ਤਜਰਬੇ ਉੱਤੇ ਨਿਰਭਰ ਕਰਦਾ ਹੈ। ਇਹ ਗਾਰੰਟੀਸ਼ੁਦਾ ਨਹੀਂ ਹਨ ਅਤੇ ਇਹ ਮੁਨਾਫ਼ਿਆਂ ਦੀਆਂ ਉੱਪਰਲੀਆਂ ਜਾਂ ਹੇਠਲੀਆਂ ਸੀਮਾਵਾਂ ਨਹੀਂ ਹਨ। ਮੁਨਾਫ਼ੇ, ਭਵਿੱਖ ਵਿੱਚ ਨਿਵੇਸ਼ ਦੀ ਕਾਰਗੁਜ਼ਾਰੀ ਸਮੇਤ, ਕਈ ਕਾਰਨਾਂ ਉੱਤੇ ਨਿਰਭਰ ਕਰਦੇ ਹਨ। ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਖ਼ਾਸ ਆਪਣੀ ਪਾਲਸੀ ਦੇ ਫ਼ਾਇਦਿਆਂ ਦੀਆਂ ਉਦਾਹਰਣਾਂ ਲਈ ਬੇਨਤੀ ਕਰੋ।

## ਐਸਬੀਆਈ ਲਾਈਫ਼ – ਸਮਾਰਟ ਬੱਚਤ ਉੱਤੇ ਇੱਕ ਨਜ਼ਰ

| | | |
|---|---|---|
| **ਵਿਕਲਪ** | **ਵਿਕਲਪ A : ਐਂਡਾਉਮੈਂਟ ਵਿਕਲਪ**<br>**ਵਿਕਲਪ B : ਦੁਰਘਟਨਾ ਵਿੱਚ ਮੌਤ ਅਤੇ ਪੂਰਨ ਸਥਾਈ ਅਪਾਹਜਪੁਣਾ (ਏਡੀ ਐਂਡ ਟੀਪੀਡੀ) ਲਾਭ ਇਨ-ਬਿਲਟ ਹੋਣ ਦੇ ਨਾਲ ਐਂਡਾਉਮੈਂਟ ਵਿਕਲਪ** | |
| **ਦਾਖਲੇ ਵੇਲੇ ਉਮਰ^** | **ਘੱਟੋ-ਘੱਟ :**<br>**ਵਿਕਲਪ A : 6 ਸਾਲ; ਵਿਕਲਪ B : 18 ਸਾਲ** | **ਵੱਧ ਤੋਂ ਵੱਧ : 50 ਸਾਲ** |
| **ਮਿਆਦ ਪੂਰੀ ਹੋਣ ਵੇਲੇ ਵੱਧ ਤੋਂ ਵੱਧ ਉਮਰ^** | 65 ਸਾਲ | |
| **ਮੂਲ ਬੀਮੇ ਦੀ ਰਕਮ** | **ਘੱਟੋ-ਘੱਟ : ₹100,000**<br>**(₹1,000 ਦੇ ਗੁਣਜਾਂ ਵਿੱਚ)** | **ਵੱਧ ਤੋਂ ਵੱਧ : ਕੋਈ ਸੀਮਾ ਨਹੀਂ, ਬੋਰਡ ਦੁਆਰਾ ਮਨਜ਼ੂਰ ਕੀਤੀ ਅੰਡਰਰਾਈਟਿੰਗ ਪਾਲਸੀ ਦੇ ਅਧੀਨ** |
| **ਪ੍ਰੀਮੀਅਮ ਭਰਨ ਦੀ ਮਿਆਦ ਅਤੇ ਸਬੰਧਿਤ ਪਾਲਸੀ ਦੀ ਮਿਆਦ** | ਪ੍ਰੀਮੀਅਮ ਅਦਾਇਗੀ ਦਾ ਸਮਾਂ (ਸਾਲ) | ਪਾਲਸੀ ਦੀ ਮਿਆਦ (ਸਾਲ) (ਦੋਹਾਂ ਸਮੇਤ) |
| | 6 | 12 – 25 |
| | 7 | 12 – 25 |
| | 10 | 15 – 25 |
| | 15 | 20 – 25 |
| **ਪ੍ਰੀਮੀਅਮ ਭਰਨ ਦੀ ਫ੍ਰੀਕਵੈਂਸੀ** | **ਸਾਲਾਨਾ/ਛਿਮਾਹੀ/ਤਿਮਾਹੀ/ਮਾਸਿਕ#** | |
| **ਪ੍ਰੀਮੀਅਮ ਭਰਨ ਦਾ ਵਕਫ਼ਾ** | ਛਿਮਾਹੀ : ਸਾਲਾਨਾ ਪ੍ਰੀਮੀਅਮ ਦਾ 51.00%<br>ਤਿਮਾਹੀ : ਸਾਲਾਨਾ ਪ੍ਰੀਮੀਅਮ ਦਾ 26.00%<br>ਮਾਸਿਕ : ਸਾਲਾਨਾ ਪ੍ਰੀਮੀਅਮ ਦਾ 8.50% | |
| **ਪ੍ਰੀਮੀਅਮ (ਦੋਹਾਂ ਵਿਕਲਪਾਂ ਲਈ ਲਾਗੂ)** | **ਘੱਟੋ-ਘੱਟ** | **ਵੱਧ ਤੋਂ ਵੱਧ** |
| | **ਸਾਲਾਨਾ** : ₹5,100 | **ਬੀਮੇ ਦੀ ਰਕਮ ਦੇ ਆਧਾਰ ਤੇ, ਬੋਰਡ ਦੁਆਰਾ ਮਨਜ਼ੂਰ ਕੀਤੀ ਅੰਡਰਰਾਈਟਿੰਗ ਪਾਲਸੀ ਦੇ ਅਧੀਨ** |
| | **ਛਿਮਾਹੀ** : ₹2,600 | |
| | **ਤਿਮਾਹੀ** : ₹1,350 | |
| | **ਮਾਸਿਕ#** : ₹450 | |

^ਉਮਰ ਸਬੰਧੀ ਸਾਰੇ ਹਵਾਲੇ ਪਿਛਲੇ ਜਨਮ ਦਿਨ ਅਨੁਸਾਰ ਹਨ।
#ਮਾਸਿਕ ਵਕਫ਼ੇ ਲਈ, 3 ਮਹੀਨਿਆਂ ਤਕ ਦਾ ਪ੍ਰੀਮੀਅਮ ਅਗਾਊਂ ਦੇਣਾ ਹੋਵੇਗਾ। ਅਗਲੇ ਪ੍ਰੀਮੀਅਮ ਦੀ ਅਦਾਇਗੀ ਕੇਵਲ ਇਲੈਕਟ੍ਰੌਨਿਕ ਕਲੀਅਰਿੰਗ ਸਿਸਟਮ (ECS) ਜਾਂ ਪੱਕੀਆਂ ਹਦਾਇਤਾਂ (ਜਿੱਥੇ ਅਦਾਇਗੀ ਬੈਂਕ ਖਾਤੇ ਦੇ ਡਾਇਰੈਕਟ ਡੈਬਿਟ ਜਾਂ ਕ੍ਰੈਡਿਟ ਕਾਰਡ ਦੁਆਰਾ ਕੀਤੀ ਜਾਂਦੀ ਹੈ) ਰਾਹੀਂ। ਮਾਸਿਕ ਸੈਲਰੀ ਸੇਵਿੰਗ ਸਕੀਮ (SSS) ਲਈ 2 ਮਹੀਨੇ ਤਕ ਦਾ ਪ੍ਰੀਮੀਅਮ ਪੇਸ਼ਗੀ ਭਰਨਾ ਚਾਹੀਦਾ ਹੈ ਅਤੇ ਨਵੀਨੀਕਰਣ ਪ੍ਰੀਮੀਅਮ ਭਰਣ ਦੀ ਇਜਾਜ਼ਤ ਕੇਵਲ ਵੇਤਨ ਕਟੌਤੀ ਰਾਹੀਂ ਹੈ।

## ਛੋਟਾਂ ਦੀ ਮਨਾਹੀ

**ਸਮੇਂ-ਸਮੇਂ ਤੇ ਸੋਧੀ ਬੀਮਾ ਕਾਨੂੰਨ, 1938 ਦੀ ਧਾਰਾ 41 ਕਹਿੰਦੀ ਹੈ :**

1) ਕੋਈ ਵੀ ਵਿਅਕਤੀ, ਕਿਸੇ ਵੀ ਵਿਅਕਤੀ ਨੂੰ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿੱਚ ਭਾਰਤ ਵਿੱਚ ਜੀਵਨ ਜਾਂ ਜਾਇਦਾਦ ਸਬੰਧੀ ਕਿਸੇ ਵੀ ਤਰ੍ਹਾਂ ਦੇ ਜੋਖਮ ਦਾ ਬੀਮਾ ਕਰਵਾਉਣ ਜਾਂ ਨਵਿਆਉਣ ਜਾਂ ਜਾਰੀ ਰੱਖਣ ਲਈ ਕਿਸੇ ਤਰ੍ਹਾਂ ਦਾ ਲਾਲਚ ਨਹੀਂ ਦੇਵੇਗਾ ਜਾਂ ਪੇਸ਼ ਨਹੀਂ ਕਰੇਗਾ, ਭਾਵੇਂ ਇਹ ਮਿਲਣ ਵਾਲੇ ਕਮਿਸ਼ਨ ਦੇ ਪੂਰੇ ਜਾਂ ਇਕ ਹਿੱਸੇ ਉੱਤੇ ਛੂਟ ਦੇ ਰੂਪ ਵਿੱਚ ਹੋਵੇ ਜਾਂ ਪਾਲਸੀ ਉੱਤੇ ਵਿਖਾਏ ਗਏ ਪ੍ਰੀਮੀਅਮ ਉੱਤੇ ਛੂਟ ਦੇ ਰੂਪ ਵਿੱਚ ਹੋਵੇ ਅਤੇ ਨਾ ਹੀ ਕੋਈ ਵਿਅਕਤੀ ਪਾਲਸੀ ਲੈਣ ਜਾਂ ਨਵਿਆਉਣ ਜਾਂ ਜਾਰੀ ਰੱਖਣ ਲਈ, ਸਿਰਫ਼ ਉਸ ਛੂਟ ਨੂੰ ਛੱਡ ਕੇ ਕੋਈ ਹੋਰ ਛੋਟ ਸਵੀਕਾਰ ਕਰੇਗਾ, ਜੋ ਛਪੀ ਹੋਈ ਪ੍ਰਾਸਪੈਕਟਸ ਜਾਂ ਬੀਮਾਕਰਤਾ ਦੀ ਸੂਚੀ ਅਨੁਸਾਰ ਦਿੱਤੀ ਜਾ ਸਕਦੀ ਹੋਵੇ।
2) ਅਜਿਹਾ ਕੋਈ ਵੀ ਵਿਅਕਤੀ ਜੋ ਇਸ ਧਾਰਾ ਦੀਆਂ ਸ਼ਰਤਾਂ ਉੱਤੇ ਅਮਲ ਕਰਨ ਵਿੱਚ ਅਣਗਹਿਲੀ ਕਰਦਾ ਹੈ, ਉਹ ਦੰਡ ਦਾ ਪਾਤਰ ਹੋਵੇਗਾ, ਜੋ ਦਸ ਲੱਖ ਰੁਪਏ ਤਕ ਹੋ ਸਕਦਾ ਹੈ।

**Toll-free No.:** 1800 267 9090 | SMS '**LIBERATE**' to 56161 | **Email:** info@sbilife.co.in | **Web:** www.sbilife.co.in
(Between 9.00 am & 9.00 pm)

ਐਸਬੀਆਈ ਲਾਈਫ਼ – ਸਮਾਰਟ ਬੱਚਤ ਇਕ ਵਿਅਕਤੀਗਤ, ਨੌਨ-ਲਿੰਕਡ, ਪਾਰਟੀਸਿਪੇਟਿੰਗ, ਲਾਈਫ਼ ਇੰਸ਼ੋਰੈਂਸ ਸੇਵਿੰਗਜ਼ ਪ੍ਰੋਡਕਟ ਹੈ।

**ਨਕਲੀ ਫੋਨ ਕਾਲਾਂ ਅਤੇ ਕਾਲਪਨਿੱਕ ਅਤੇ ਧੋਖਾਧੜੀ ਵਾਲੀਆਂ ਪੇਸ਼ਕਸ਼ਾਂ ਤੋਂ ਸਾਵਧਾਨ ਰਹੋ :**
IRDAI ਬੀਮਾ ਪਾਲਸੀਆਂ ਦੀ ਵਿੱਕਰੀ, ਬੋਨਸ ਦੀ ਘੋਸ਼ਣਾ ਜਾਂ ਪ੍ਰੀਮਿਅਮਾਂ ਦੇ ਨਿਵੇਸ਼ ਵਰਗੀਆਂ ਗਤੀਵਿਧੀਆਂ ਵਿੱਚ ਸ਼ਾਮਿਲ ਨਹੀਂ ਹੈ। ਅਜਿਹੀਆਂ ਕਾਲਾਂ ਪ੍ਰਾਪਤ ਕਰਨ ਵਾਲੀ ਜਨਤਾ ਨੂੰ ਪੁਲਿਸ ਕੋਲ ਸ਼ਿਕਾਇਤ ਦਰਜ ਕਰਨ ਲਈ ਬੇਨਤੀ ਕੀਤੀ ਜਾਂਦੀ ਹੈ।

ਜੋਖਮ ਤੱਤਾਂ, ਨਿਯਮਾਂ ਅਤੇ ਸ਼ਰਤਾਂ ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ ਵਿਕਰੀ ਪੂਰੀ ਹੋਣ ਤੋਂ ਪਹਿਲਾਂ ਸੇਲਜ਼ ਬ੍ਰੋਸ਼ਰ ਧਿਆਨ ਨਾਲ ਪੜ੍ਹੋ। ਉੱਪਰ ਵਿਖਾਇਆ ਗਿਆ ਟਰੇਡ ਲੋਗੋ ਭਾਰਤੀ ਸਟੇਟ ਬੈਂਕ ਦੀ ਸੰਪੱਤੀ ਹੈ ਅਤੇ ਐਸਬੀਆਈ ਲਾਈਫ਼ ਦੁਆਰਾ ਲਾਈਸੈਂਸ ਅਧੀਨ ਵਰਤਿਆ ਗਿਆ ਹੈ। ਐਸਬੀਆਈ ਲਾਈਫ਼ ਇੰਸ਼ੋਰੈਂਸ ਕੰਪਨੀ ਲਿਮਿਟੇਡ, ਰਜਿਸਟਰਡ ਅਤੇ ਕਾਰਪੋਰੇਟ ਦਫ਼ਤਰ : ਨਟਰਾਜ, ਐਮ. ਵੀ. ਰੋਡ ਅਤੇ ਵੈਸਟਰਨ ਐਕਸਪ੍ਰੈਸ ਹਾਈਵੇ ਜੰਕਸ਼ਨ, ਅੰਧੇਰੀ (ਪੂਰਬ), ਮੁੰਬਈ– 400069. **IRDAI ਰਜਿਸਟ੍ਰੇਸ਼ਨ ਨੰਬਰ 111** | CIN : L99999MH2000PLC129113.

NW/2D/ver1/12/21/SP/PUN